a2zpapers.com

**Exam. Code : 105702**
**Subject Code : 1429**

**B.Sc. (Information Technology) 2nd Semester**

**MUDHLI PUNJABI**

**Paper–VI Opt. (ii)**

Time Allowed—Three Hours] [Maximum Marks—50

**ਨੋਟ:—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚੋਂ **ਦੋ** ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜ਼ਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

**ਭਾਗ–ਪਹਿਲਾ**

1. ਨਾਂਵ ਕਿਸ ਨੂੰ ਆਖਦੇ ਹਨ ? ਇਸ ਦੀਆਂ ਕਿਸਮਾਂ ਲਿਖੋ। 10

2. ਹੇਠ ਲਿਖੇ ਵਿਸ਼ੇਸ਼ਣਾ ਵਿੱਚੋਂ ਵਿਕਾਰੀ ਅਤੇ ਅਵਿਕਾਰੀ ਵਿਸ਼ੇਸ਼ਣਾ ਦੀ ਪਛਾਣ ਕਰੋ :

   ਗਰਮ, ਸਸਤਾ, ਲਾਲ, ਪੀਲਾ, ਗਰੀਬ, ਅਮੀਰ, ਲਾਲਚੀ, ਸੋਹਣਾ। 10

**ਭਾਗ–ਦੂਜਾ**

3. ਪੰਜਾਬੀ ਵਾਕ ਬਣਤਰ ਨਾਲ ਮੁੱਢਲੀ ਜਾਣ-ਪਛਾਣ ਕਰਵਾਓ। 10

4. (ੳ) ਪੰਜ ਸਾਧਾਰਨ ਵਾਕ ਲਿਖੋ।

   (ਅ) ਪੰਜ ਮਿਸ਼ਰਿਤ ਵਾਕ ਲਿਖੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

## ਭਾਗ–ਤੀਜਾ

5. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਕਰੋ :

(ੳ) ਅਨੁਸ਼ਾਸਨ ਦੀ ਮਹੱਤਤਾ

(ਅ) ਸੋਸ਼ਲ ਮੀਡੀਆ

(ੲ) ਕਿੱਤਾ ਮੁਖੀ ਸਿੱਖਿਆ ਦੀ ਲੋੜ। 10

6. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ :

ਸੱਭਿਆਚਾਰ ਆਪਣੇ ਸ਼ਾਬਦਿਕ ਪਖ ਤੋਂ ਜਿੰਨਾ ਸਰਲ ਅਤੇ ਇਕਹਿਰਾ ਲੱਗਦਾ ਹੈ, ਸੰਕਲਪਾਤਮਿਕ ਪਖ ਤੋਂ ਓਨਾ ਹੀ ਜਟਿਲ, ਗਹਿਰਾ ਅਤੇ ਵਿਸ਼ਾਲ ਅਰਥ ਖੇਤਰ ਵਾਲਾ ਹੈ। ਮਨੁੱਖ ਦੀ ਸਮਾਜਕ ਹੋਂਦ ਕਾਰਨ ਸੱਭਿਆਚਾਰ ਉਸ ਦੀ ਇੱਕ ਅਜਿਹੀ ਵਿਲੱਖਣ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ, ਜਿਹੜੀ ਨਾ ਕੇਵਲ ਉਸ ਨੂੰ ਪ੍ਰਕਿਰਤੀ ਦੇ ਬਾਕੀ ਜੀਵ ਜੰਤੂਆਂ ਤੋਂ ਹੀ ਅਲੱਗ ਕਰਦੀ ਹੈ, ਸਗੋਂ ਵਿਭਿੰਨ ਮਨੁੱਖਾਂ, ਮਨੁੱਖੀ ਸਮੂਹਾਂ ਅਤੇ ਉਪ-ਸਮੂਹਾਂ ਵਿਚਕਾਰ ਸਾਂਝ ਅਤੇ ਵਖਰੇਵੇਂ ਦੇ ਲੱਛਣ ਵੀ ਨਿਰਧਾਰਤ ਕਰਦੀ ਹੈ। ਸੱਭਿਆਚਾਰ ਮਨੁੱਖੀ ਜੀਵਨ ਜਿੰਨਾ ਹੀ ਵਿਸ਼ਾਲ ਅਤੇ ਅਹਿਮ ਵਰਤਾਰਾ ਹੈ। ਸੱਭਿਆਚਾਰ ਭਾਵੇਂ ਮਨੁੱਖੀ ਚੇਤਨਾ ਦੇ ਪਹਿਲੇ ਪੜਾਅ ਤੋਂ ਹੀ ਹੋਂਦ ਵਿੱਚ ਆ ਗਿਆ ਸੀ, ਪਰੰਤੂ, ਇਸਦੇ ਵਿਗਿਆਨਕ ਅਧਿਐਨ ਦਾ ਕਾਰਜ ਆਧੁਨਿਕ ਯੁਗ ਵਿੱਚ ਹੀ ਸ਼ੁਰੂ ਹੋਇਆ ਹੈ। ਵਰਤਮਾਨ ਸਮੇਂ ਦੇ ਸਾਰੇ ਹੀ ਸਮਾਜਕ ਵਿਗਿਆਨ ਸੱਭਿਆਚਾਰ ਨੂੰ ਮਹੱਤਵਪੂਰਨ ਸੰਕਲਪ ਵਜੋਂ ਪ੍ਰਵਾਨ ਕਰਦੇ ਹਨ, ਪਰ ਮਨੁੱਖੀ ਜਾਤੀ ਦੀ ਵਿਲੱਖਣਤਾ ਅਤੇ ਸ੍ਰੇਸ਼ਠਤਾ ਨਿਰਧਾਰਤ ਕਰਨ ਵਾਲੇ ਇਸ ਸਰਬ ਵਿਆਪਕ ਵਰਤਾਰੇ ਨੂੰ ਸਮਾਜ ਵਿਗਿਆਨ ਵਿੱਚ ਮੁੱਢਲੇ ਸੰਕਲਪ ਵਜੋਂ ਅਤੇ ਮਾਨਵ ਵਿਗਿਆਨ ਵਿੱਚ ਬੁਨਿਆਦੀ ਸੰਕਲਪ ਵਜੋਂ ਮਾਨਤਾ ਪ੍ਰਾਪਤ ਹੈ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

## ਭਾਗ–ਚੌਥਾ

7. ਆਪਣੇ ਛੋਟੇ ਭਰਾ ਨੂੰ ਕੰਪਿਊਟਰ ਦੀ ਮਹੱਤਤਾ ਦਸਦੇ ਹੋਏ ਪੱਤਰ ਲਿਖੋ ਕਿ ਉਹ ਵਿਸ਼ਿਆਂ ਦੀ ਚੋਣ ਸਮੇਂ ਕੰਪਿਊਟਰ ਵਿਸ਼ੇ ਦੀ ਚੋਣ ਜ਼ਰੂਰ ਕਰੇ। 10

8. (ੳ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :

ਉਂਗਲ ਕਰਨਾ, ਈਨ ਮੰਨਣਾ, ਪੈਰਾਂ ਤੇ ਪਾਣੀ ਨਾ ਪੈਣ ਦੇਣਾ, ਕੰਨ ਭਰਨਾ, ਹੱਥ ਪੈਰ ਮਾਰਨੇ।

(ਅ) ਹੇਠ ਲਿਖੇ ਅਖਾਣਾਂ ਨੂੰ ਵਾਕਾਂ ਵਿੱਚ ਵਰਤੋ :

ਉੱਚੀ ਦੁਕਾਨ, ਫਿੱਕਾ ਪਕਵਾਨ

ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜਿਉਣ

ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ

ਮੂਸਾ ਭੱਜਿਆ ਮੌਤ ਤੋਂ, ਮੌਤ ਅੱਗੇ ਖੜ੍ਹੀ

ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ। 10



www.a2zpapers.com www.a2zpapers.com
oad free old Question papers gndu, ptu hp board, punjab